بِسْمِ اللّٰہِ الرَّحْمٰنِ الرَّحِیْمِ نَحْمَدُہٗ وَنُصَلِّیْ عَلٰی رَسُوْلِہِ الْکَرِیْمِ وَعَلٰی عَبْدِہِ الْمَسِیْحِ الْمَوْعُوْد

لَا اِلٰہَ اِلَّا اللّٰہُ مُحَمَّدٌ رَّسُوْلُ اللّٰہِ

دفتر مجلس انصاراللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਮਹਦੀ ਆਬਾਦ ਬਰਕੀਨਾ ਫ਼ਾਸੋ'ਚ 9 ਅਹਮਦੀਆਂ ਦੀ ਅਫਸੋਸ ਜਨਕ ਸ਼ਹਾਦਤ ਦਾ ਜ਼ਿਕਰ

**ਸੰਖੇਪ ਵਿਵਰਨ ਖ਼ੁਤਬਾ ਜੁਮਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੁ ਅੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 20 ਜਨਵਰੀ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੁ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹੁਦ, ਤਾਉਜ਼, ਸੂਰਤੁਲ ਫ਼ਾਤਿਹਾ ਅਤੇ ਸੂਰਤੁਲ ਬਕਰਹ ਦੀ ਆਇਤ 155,156 ਦੀ ਤਿਲਾਵਤ ਤੇ ਅਨੁਵਾਦ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਰੱਬ ਦੀ ਰਾਹ'ਚ ਜਾਨ ਪੈਸ਼ ਕਰਨ ਵਾਲੀਆਂ ਲਈ ਰੱਬ ਦਾ ਹੁਕਮ ਹੈ ਕਿ ਉਹ ਮੁਰਦਾ ਨਹੀਂ ਸਗੋਂ ਜ਼ਿੰਦਾ ਹਨ। ਜਮਾਅਤੇ ਅਹਮਦੀਆ'ਚ ਪਿੱਛਲੇ ਸੋ ਸਾਲ ਤੋਂ ਜਾਨਾਂ ਪੈਸ਼ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਸ਼ਹੀਦਾਂ ਨੇ ਜੋ ਸਥਾਨ ਪ੍ਰਾਪਤ ਕੀਤਾ ਹੈ ਅਤੇ ਜਿੱਥੇ ਉਨ੍ਹਾਂ ਦੇ ਦਰਜੇ ਸਦਾ ਵੱਧਣ ਵਾਲੇ ਹਨ। ਉੱਥੇ ਇਸ ਸੰਸਾਰ'ਚ ਵੀ ਸਦਾ ਲਈ ਉਨ੍ਹਾਂ ਦੇ ਨਾਂ ਰੋਸ਼ਨ ਹਨ। ਰੱਬ ਦੀ ਰਾਹ'ਚ ਉਨ੍ਹਾਂ ਦਾ ਜਾਨ ਦੇਣਾ ਨ ਕੇਵਲ ਆਪਣੀਆਂ ਲਈ ਸਗੋਂ ਜਮਾਅਤ ਦੀ ਜਿੰਦਗੀ ਦਾ ਵੀ ਕਾਰਨ ਬਣ ਰਿਹਾ ਹੈ। ਇਹੀ ਬੇਇਜ਼ਤੀ ਜੋ ਪਿੱਛੇ ਆਉਣ ਵਾਲੀਆਂ ਦੀ ਜਿੰਦਗੀ ਅਤੇ ਤਰੱਕੀ ਦਾ ਸਾਧਨ ਬਣ ਰਹੀ ਹੈ ਤਾਂ ਫ਼ਿਰ ਉਹ ਮੁਰਦਾ ਕਿਵੇਂ ਹੋ ਸਕਦੇ ਹਨ।

ਜਮਾਅਤੇ ਅਹਮਦੀਆਂ'ਚ ਜਾਨ ਦੀ ਇਹ ਕੁਰਬਾਨੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦੌਰ'ਚ ਹਜ਼ਰਤ ਸਾਹਿਬਜ਼ਾਦਾ ਅਬਦੁੱਲ ਲਤੀਫ਼ ਸਾਹਿਬ ਸ਼ਹੀਦ ਰਜ਼ੀ ਅੱਲਾਹ ਅੰਨਹੋ ਦੀ ਕੁਰਬਾਨੀ ਤੋਂ ਸ਼ੁਰੂ ਹੋਈ। ਜਾਨ ਦੀ ਕੁਰਬਾਨੀ ਸ਼ੁਰੂ'ਚ ਅਫ਼ਗ਼ਾਨਿਸਤਾਨ ਅਤੇ ਪੁਰਬੀ ਦੇਸ਼ਾਂ ਦੇ ਹਿੱਸੇ'ਚ ਰਹੀ। 2005 ਈ'ਚ ਅਫ਼ਰੀਕਾ ਦੇ ਦੇਸ਼ ਕਾਂਗੋ'ਚ ਇੱਕ ਅਹਮਦੀ ਨੇ ਜਮਾਅਤ ਲਈ ਆਪਣੀ ਜਾਨ ਦਾ ਨਜ਼ਰਾਨਾ ਪੈਸ਼ ਕੀਤਾ। ਪਰ ਪਿੱਛਲੇ ਦਿਨਾਂ ਬਰਕੀਨਾ ਫ਼ਾਸੋ'ਚ ਇਸ਼ਕ, ਪ੍ਰੇਮ, ਵਿਸ਼ਵਾਸ ਤੇ ਯਕੀਨ ਨਾਲ ਭਰਪੂਰ ਜੋ ਨਮੂਨੇ ਅਫ਼ਰੀਕਾ ਦੇ ਅਹਮਦੀਆਂ ਨੇ ਵਿਖਾਏ ਉਹ ਲਾਜਵਾਬ ਹਨ। ਉਨ੍ਹਾਂ ਨੂੰ ਮੌਕਾ ਦਿੱਤਾ ਗਿਆ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੱਚਾਈ ਦਾ ਇੰਨਕਾਰ ਕਰ ਦਿਓ ਤਾਂ ਅਸੀਂ ਤੁਹਾਡੀ ਜਾਨ ਬਖ਼ਸ਼ ਦਿਆਂਗੇ। ਪਰ ਉਨ੍ਹਾਂ ਨੇ ਜਿਨ੍ਹਾਂ ਦਾ ਵਿਸ਼ਵਾਸ ਪਹਾੜ੍ਹਾਂ ਨਾਲੋਂ ਵੱਧ ਮਜ਼ਬੂਤ ਨਜ਼ਰ ਆਉਂਦਾ ਹੈ। ਜਵਾਬ ਦਿੱਤਾ ਕਿ ਜਾਨ ਤਾਂ ਇੱਕ ਦਿਨ ਜਾਣ ਵਾਲੀ ਹੈ। ਅੱਜ ਨਹੀਂ ਤਾਂ ਕੱਲ੍ਹ ਸੋ ਇਸ ਨੂੰ ਬਚਾਉਣ ਲਈ ਅਸੀਂ ਆਪਣੀ ਆਸਥਾ ਦਾ ਵਿਓਪਾਰ ਨਹੀਂ ਕਰ ਸਕਦੇ। ਜਿਸ ਸੱਚਾਈ ਨੂੰ ਅਸੀਂ ਵੇਖ ਲਿਆ ਉਸ ਨੂੰ ਅਸੀਂ ਨਹੀਂ ਛੱਡ ਸਕਦੇ ਅਤੇ ਇੰਝ ਇੱਕ ਦੇ ਬਾਦ ਦੂਜਾ ਆਪਣੀ ਜਾਨ ਕੁਰਬਾਨ ਕਰਦਾ ਚਲਾ ਗਿਆ। ਉਨ੍ਹਾਂ ਦੀ ਔਰਤਾਂ ਅਤੇ ਬੱਚੇ ਇਹ ਨਜ਼ਾਰਾ ਵੇਖ ਰਹੇ ਸਨ ਅਤੇ ਕਿਸੇ ਨੇ ਕੋਈ ਰੌਲ੍ਹਾ ਨਹੀਂ ਪਾਇਆ।

ਇਹ ਉਹ ਲੋਕ ਹਨ ਜਿਨ੍ਹਾਂ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜ਼ਮਾਨੇ'ਚ ਸਾਹਿਬਜ਼ਾਦਾ ਅਬਦੁੱਲ ਲਤੀਫ਼ ਸਾਹਿਬ ਰਜ਼ੀ ਅੱਲਾਹ ਅੰਨਹੋ ਦੀ ਕੁਰਬਾਨੀ ਦੇ ਬਾਦ ਅਹਮਦੀਆ ਸੰਸਾਰ'ਚ ਇੱਕ ਨਵੀ ਤਾਰੀਖ ਲਿਖ'ਤੀ ਹੈ। ਇਹ ਆਪਣੀ ਸੰਸਾਰਿਕ ਜਿੰਦਗੀਆਂ ਦੀ ਕੁਰਬਾਨੀ ਦੇ ਕੇ ਸਦਾ ਦੀ ਜ਼ਿੰਦਗੀ ਪ੍ਰਾਪਤ ਕਰਨ ਵਾਲੇ ਬਣ ਗਏ। ਉਨ੍ਹਾਂ ਨੇ

ਜਾਨ, ਮਾਲ ਅਤੇ ਸਮੇਂ ਦੀ ਕੁਰਬਾਨੀ ਦੇ ਵਚਨ ਨੂੰ ਇੰਝ ਪੂਰਾ ਕੀਤਾ ਕਿ ਬਾਦ'ਚ ਆ ਕੇ ਪਹਿਲੀਆਂ ਤੋਂ ਅੱਗੇ ਨਿਕਲ ਗਏ ਰੱਬ ਉਨ੍ਹਾਂ'ਚੋਂ ਹਰ ਇੱਕ ਨੂੰ ਉਨ੍ਹਾਂ ਖ਼ੁਸ਼ਖ਼ਬਰੀਆਂ ਦਾ ਵਾਰਸ ਬਣਾਏ ਜੋ ਰੱਬ ਨੇ ਇਸ ਰਾਹ'ਤੇ ਕੁਰਬਾਨੀ ਕਰਨ ਵਾਲੀਆਂ ਨੂੰ ਦਿੱਤੀਆਂ ਹਨ ।

ਜਾਣਕਾਰੀ ਅਨੁਸਾਰ ਬਰਕੀਨਾ ਫ਼ਾਸੋ ਦਾ ਇੱਕ ਸ਼ਹਿਰ ਡੋਰੀ ਹੈ । ਜਿੱਥੇ ਮਹਦੀ ਆਬਾਦ'ਚ ਨਵੀਂ ਆਬਾਦੀ ਹੋਈ ਸੀ । 11 ਜਨਵਰੀ ਨੂੰ 09 ਅਹਮਦੀ ਬੁਜ਼ੁਰਗਾਂ ਨੂੰ ਇਸ਼ਾ ਦੇ ਸਮੇਂ ਮਸਜਿਦ ਦੇ ਵਿਹੜ੍ਹੇ'ਚ ਬਾਕੀ ਨਮਾਜ਼ੀਆਂ ਦੇ ਸਾਮ੍ਹਣੇ ਇਸਲਾਮ ਅਹਮਦੀਅਤ ਤੋਂ ਇੰਨਕਾਰ ਨ ਕਰਨ ਕਰਕੇ ਇੱਕ ਇੱਕ ਕਰਕੇ ਸ਼ਹੀਦ ਕਰ'ਤਾ ਗਿਆ । ਅੱਠ ਹਥਿਆਰਬੰਦ ਬੰਦੇ ਮਸਜਿਦ'ਚ ਆਏ ਸੀ, ਅਹਮਦੀਆ ਮਸਜਿਦ'ਚ ਆਉਣ ਤੋਂ ਪਹਿਲਾਂ ਉੱਥੇ ਨੇੜ੍ਹੇ ਹੀ ਵਹਾਬੀਆਂ ਦੀ ਇੱਕ ਮਸਜਿਦ'ਚ ਮਗ਼ਰਿਬ ਤੋਂ ਇਸ਼ਾ ਤੱਕ ਸਮਾਂ ਲੰਘਾਇਆ । ਪਰ ਉੱਥੇ ਕਿਸੇ ਨੂੰ ਕੁੱਝ ਨ ਕਿਹਾ । ਜਦੋਂ ਇਹ ਅਹਮਦੀਆ ਮਸਜਿਦ'ਚ ਆਏ ਤਾਂ ਉਸ ਸਮੇਂ ਇਸ਼ਾ ਦੀ ਅਜ਼ਾਨ ਹੋ ਰਹੀ ਸੀ । ਅਜ਼ਾਨ ਮਗਰੋਂ ਮੁਅਜ਼ਨ ਤੋਂ ਘੋਸ਼ਣਾ ਕਰਵਾਈ ਕਿ ਲੋਕ ਛੇਤੀ ਛੇਤੀ ਮਸਜਿਦ'ਚ ਆ ਜਾਣ ਕੁੱਝ ਲੋਕ ਆਏ ਹਨ ਅਤੇ ਉਨ੍ਹਾ ਨੇ ਕੋਈ ਗੱਲ ਕਰਨੀ ਹੈ । ਉਨ੍ਹਾ ਨੇ ਜਮਾਅਤ ਦੇ ਅਕੀਦੀਆ ਬਾਰੇ ਇਮਾਮ ਮਸਜਿਦ ਹਾਜੀ ਇਬਰਾਹੀਮ ਬਦਗਾ ਸਾਹਿਬ ਤੋਂ ਕਾਫ਼ੀ ਸਵਾਲ ਕੀਤੇ । ਇਮਾਮ ਸਾਹਿਬ ਨੇ ਦੱਸਿਆ ਕਿ ਅਸੀਂ ਮੁਸਲਮਾਨ ਹਾ ਅਤੇ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਨੂੰ ਮੰਨਣ ਵਾਲੇ ਹਨ । ਸਾਡਾ ਸੰਬੰਧ ਅਹਮਦੀਆ ਮੁਸਲਿਮ ਜਮਾਅਤ ਨਾਲ ਹੈ । ਹਜ਼ਰਤ ਈਸਾ ਅਲੈਹਿ ਸਲਾਮ ਆਕਾਲ ਚਲਾਣਾ ਕਰ ਗਏ ਹਨ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਮਾਮ ਮਹਦੀ ਹਨ ।

ਆਤੰਕਵਾਦੀਆਂ ਨੇ ਕਿਹਾ ਕਿ ਅਹਮਦੀ ਪੱਕੇ ਕਾਫ਼ਰ ਹਨ (ਰੱਬ ਦੀ ਪਨਾਹ) । ਫ਼ਿਰ ਨਾਲ ਜੁੜ੍ਹੇ ਸਲਾਈ ਸੈਂਟਰ'ਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਤੇ ਖ਼ਲੀਫ਼ਾ ਦੀਆਂ ਫ਼ੋਟੋਵਾਂ ਬਾਰੇ ਪੁੱਛਿਆ । ਇਮਾਮ ਸਾਹਿਬ ਨੇ ਇੱਕ ਇੱਕ ਫ਼ੋਟੋ ਬਾਰੇ ਦੱਸਿਆ । ਉਨ੍ਹਾਂ ਨੇ ਕਿਹਾ ਕਿ ਮਸੀਹ ਮੌਊਦ ਦਾ ਦਾਅਵਾ ਝੂੱਠਾ ਹੈ (ਰੱਬ ਦੀ ਪਨਾਹ) । ਮਗਰੋਂ ਉਨ੍ਹਾਂ ਨੇ ਮਸਜਿਦ'ਚ ਮੌਜੂਦ 70 ਦੇ ਕਰੀਬ ਨੁਮਾਜ਼ਿਆਂ'ਚੋਂ ਉਮਰ ਦੇ ਹਿਸਾਬ ਨਾਲ ਵੱਖੋ ਵੱਖ ਗਰੁੱਪ ਬਣਾਏ । ਵੱਡੀ ਉਮਰ ਦੇ ਬੰਦੀਆਂ ਨੂੰ ਕਿਹਾ ਕਿ ਮਸਜਿਦ ਦੇ ਵਿਹੜ੍ਹੇ'ਚ ਆ ਜਾਓ । ਇੱਕ ਅਪਾਹਜ ਬੰਦੇ ਨੂੰ ਛੱਡ ਕੇ ਬਾਕੀ ਬੰਦੀਆਂ ਨੂੰ ਮਸਜਿਦ ਦੇ ਵਿਹੜ੍ਹੇ'ਚ ਲੈ ਗਏ ਅਤੇ ਇਮਾਮ ਸਾਹਿਬ ਤੋਂ ਕਿਹਾ ਕਿ ਜੇਕਰ ਉਹ ਅਹਮਦੀਅਤ ਤੋਂ ਇੰਨਕਾਰ ਕਰ ਦੇਣ ਤਾਂ ਉਨ੍ਹਾਂ ਦੀ ਜਾਨ ਬਖਸ਼'ਤੀ ਜਾਵੇਗੀ । ਇਮਾਮ ਸਾਹਿਬ ਨੇ ਕਿਹਾ ਕਿ ਮੇਰਾ ਸਿਰ ਲਾਹ ਦਿਓ । ਪਰ ਮੈਂ ਅਹਮਦੀਅਤ ਨੂੰ ਨਹੀਂ ਛੱਡਾਂਗਾ । ਆਤੰਕਵਾਦੀਆਂ ਨੇ ਜ਼ਮੀਨ'ਤੇ ਲਿਟਾ ਕੇ ਗਰਦਨ'ਤੇ ਛੁਰਾ ਰੱਖ'ਤਾ ਅਤੇ ਸ਼ਹੀਦ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਮੈਨੂੰ ਖੜ੍ਹਾ ਕਰਕੇ ਮਾਰ ਦਿਓ ਤੱਦ ਉਨ੍ਹਾਂ ਨੇ ਉਨ੍ਹਾਂ ਨੂੰ ਗੋਲਿਆਂ ਮਾਰ ਕੇ ਸ਼ਹੀਦ ਕਰ'ਤਾ ।

ਆਤੰਕਵਾਦੀ ਨੂੰ ਲੱਗਿਆ ਕਿ ਬਾਕੀ ਡਰ ਕੇ ਮੰਨ ਜਾਣਗੇ ਅਤੇ ਇੱਕ ਹੋਰ ਬੁਜ਼ੁਰਗ ਨੂੰ ਸੱਦ ਕੇ ਕਿਹਾ ਕਿ ਅਹਮਦੀਅਤ ਤੋਂ ਇੰਨਕਾਰ ਕਰਨਾ ਹੈ ਜਾਂ ਮਰਨਾ ਹੈ ਤਾਂ ਉਨ੍ਹਾਂ ਨੇ ਵੀ ਇਹੀ ਕਿਹਾ ਕਿ ਅਹਮਦੀਅਤ ਨਹੀਂ ਛੱਡਾਂਗਾ ਅਤੇ ਫ਼ਿਰ ਉਨ੍ਹਾਂ ਦੇ ਸਿਰ'ਤੇ ਗੋਲਿਆਂ ਮਾਰ ਕੇ ਉਨ੍ਹਾਂ ਨੂੰ ਵੀ ਸ਼ਹੀਦ ਕਰ'ਤਾ । ਇੰਝ ਬਾਕੀ ਬੰਦੀਆ ਨੂੰ ਵੀ ਇੱਕ ਇੱਕ ਕਰਕੇ ਸ਼ਹੀਦ ਕਰ'ਤਾ । ਕਿਸੇ ਇੱਕ ਨੇ ਵੀ ਕੁੱਝ ਵੀ ਕਮਜ਼ੋਰੀ ਨਹੀਂ ਵਿਖਾਈ ਅਤੇ ਨ ਹੀ ਅਹਮਦੀਅਤ ਤੋਂ ਇੰਨਕਾਰ ਕੀਤਾ । ਕਿਸੇ ਇੱਕ ਦਾ ਵੀ ਵਿਸ਼ਵਾਸ ਡਗਮਗਾਇਆ ਨਹੀਂ । ਸਭ ਨੇ ਇੱਕ ਦੂਜੇ ਤੋਂ ਵੱਧ ਕੇ ਵਿਸ਼ਵਾਸ, ਵਫ਼ਾ ਅਤੇ ਦਲੇਰੀ ਦਾ ਪ੍ਰਕਟਾਵਾ ਕੀਤਾ ਅਤੇ ਰੱਬ ਦੇ ਹਜ਼ੂਰ ਆਪਣੀ ਜਾਨਾਂ ਪੈਸ਼ ਕਰ'ਤੀ । ਹਰ ਸ਼ਹੀਦ ਨੂੰ ਘੱਟੋ ਘੱਟ ਤਿੰਨ ਗੋਲੀਆਂ ਮਾਰੀਆਂ ਗਈਆਂ । ਉਨ੍ਹਾਂ'ਚ ਦੋ ਜੁੜ੍ਹਵਾਂ ਭਰਾ ਵੀ ਸ਼ਾਮਿਲ ਸਨ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ " ਤਜ਼ਕਰਤੁਸ਼ੱਹਾਦਤੈਨ " ਵਿੱਚ ਹਜ਼ਰਤ ਸਾਹਿਬਜ਼ਾਦਾ ਅਬਦੁਲੱ ਲਤੀਫ਼ ਸਾਹਿਬ ਸ਼ਹੀਦ ਰਜ਼ੀ ਅੱਲਾਹ ਅੰਨਹੋ ਦਾ ਜ਼ਿਕਰ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਰੱਬ ਬਥੇਰੇ ਉਨ੍ਹਾਂ ਦੇ ਉਪ ਪੈਦਾ ਕਰ

ਦੇਵੇਗਾ। ਸੋ ਅਸੀਂ ਗਵਾਹ ਹਨ ਕਿ ਅੱਜ ਅਫ਼ਰੀਕਾ ਦੇ ਰਹਿਣ ਵਾਲੀਆਂ ਨੇ ਇਸ ਦਾ ਨਮੂਨਾ ਵਿਖਾ'ਤਾ ਅਤੇ ਉਪ ਹੋਣ ਦਾ ਹੱਕ ਅਦਾ ਕਰ'ਤਾ।

ਆਤੰਕਵਾਦ ਦੀ ਇਹ ਸਾਰੀ ਕਾਰਵਾਈ ਡੇਢ ਘੰਟੇ ਜਾਰੀ ਰਹੀ। ਬਾਕੀ ਲੋਕ ਜਿਸ ਦੁੱਖ ਤੋਂ ਲੰਘੇ ਹੋਣਗੇ ਉਸ ਦਾ ਅਨੁਭਵ ਲਾਇਆ ਜਾ ਸਕਦਾ ਹੈ ਕਿ ਉਨ੍ਹਾ ਸਾਮ੍ਹਣੇ ਉਨ੍ਹਾ ਦੇ ਪਿਆਰੀਆਂ ਨੂੰ ਸ਼ਹੀਦ ਕੀਤਾ ਜਾ ਰਿਹਾ ਸੀ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਹੁਣ ਸੰਖੇਪ'ਚ ਉਨ੍ਹਾਂ ਸ਼ਹੀਦਾਂ ਦੇ ਹਾਲਾਤ ਬਿਆਨ ਕਰਾਂਗਾ। ਜਿਨ੍ਹਾ ਤੋਂ ਉਨ੍ਹਾਂ ਦੇ ਵਿਸ਼ਵਾਸ ਦੀ ਸਥਿਰਤਾ ਦਾ ਪਤਾ ਲਗਦਾ ਹੈ।

ਇਮਾਮ ਹਾਜੀ ਇਬਰਾਹੀਮ ਬਦਗਾ ਸਾਹਿਬ : ਇਮਾਮ ਸਾਹਿਬ ਇਸ ਖੇਤਰ ਦੇ ਸਭ ਤੋਂ ਵੱਡੇ ਵਹਾਬੀ ਇਮਾਮ ਸਨ। ਇਮਾਮ ਸਾਹਿਬ ਇੱਕ ਬਹੁਤ ਵੱਡੇ ਗਿਆਨੀ ਸਨ। ਇਸ ਖੇਤਰ ਦੇ ਲੋਕ ਤਮਾਸ਼ਿਕ ਕਬੀਲੇ ਨਾਲ ਸੰਬੰਧ ਰੱਖਦੇ ਹਨ। ਆਪ ਤਮਾਸ਼ਿਕ ਜ਼ਬਾਨ ਬੋਲਦੇ ਸਨ। ਅਹਮਦੀਅਤ ਤੋਂ ਪਹਿਲਾਂ ਕਈ ਪਿੰਡਾਂ ਦੇ ਚੀਫ਼ ਸਨ। ਖੇਤਰ ਦੇ ਵੱਡੇ ਵੱਡੇ ਗਿਆਨੀ ਉਨ੍ਹਾਂ ਕੋਲ੍ਹ ਬਹਿਣ'ਚ ਮਾਣ ਸਮਝਦੇ ਸਨ। 1998 ਈ'ਚ ਡੋਰੀ'ਚ ਅਹਮਦੀਆ ਮਿਸ਼ਨ ਕਾਯਮ ਹੋਣ ਦੀ ਖਬਰ ਇਮਾਮ ਸਾਹਿਬ ਨੂੰ ਪਹੁੰਚੀ ਤਾਂ ਸੱਤ ਬੰਦੀਆਂ ਨਾਲ ਮਿਸ਼ਨ ਹਾਉਸ ਆਏ ਅਤੇ ਬਹੁਤ ਖੋਜ ਪੜ੍ਹਤਾਲ ਮਗਰੋਂ ਬੈਅਤ ਕੀਤੀ ਸਮਝ ਕੇ ਸੱਚਾਈ ਨੂੰ ਕਬੂਲ ਕੀਤਾ ਅਤੇ ਫ਼ਿਰ ਕੁਰਬਾਨੀ ਦੀ ਉਚੱਤਮ ਮਿਸਾਲ ਕਾਯਮ ਕੀਤੀ। ਨਿਡਰ ਪ੍ਰਚਾਰਕ ਅਤੇ ਸੰਪੂਰਨ ਨਿਸ਼ਠਾਵਾਨ ਸਨ। ਆਪ ਦੀ ਕੋਸ਼ਿਸ਼ਾਂ ਨਾਲ ਖੇਤਰ ਭਰ'ਚ ਅਹਮਦੀਅਤ ਫ਼ੈਲ੍ਹੀ ਅਤੇ ਕਈ ਜਮਾਅਤਾਂ ਕਾਯਮ ਹੋਇਆ। ਪ੍ਰਚਾਰ ਦਾ ਜਨੂਨ ਸੀ। ਕਤਲ ਦੀਆਂ ਧਮਕੀਆਂ ਦੇ ਬਾਦ ਵੀ ਆਪਣੀ ਕੋਸ਼ਿਸ਼ਾਂ ਨ ਛੱਡਿਆਂ। ਖ਼ਿਲਾਫ਼ਤ ਨਾਲ ਵੀ ਅਥਾਹ ਵਫ਼ਾ ਦਾ ਸੰਬੰਧ ਸੀ। ਹਰ ਮਾਲੀ ਕੁਰਬਾਨੀ'ਚ ਸਭ ਤੋਂ ਪਹਿਲਾਂ ਆਪ ਕੁਰਬਾਨੀ ਕਰਦੇ ਸੀ। ਹਰ ਕਿਸਮ ਦੀ ਜਮਾਅਤੀ ਸਰਗਰਮੀ'ਚ ਵੱਧ ਚੜ੍ਹ ਕੇ ਭਾਗ ਲੈਂਦੇ ਸਨ।

ਅਲ-ਹਸਨ ਆਗ ਮਾਨੇਅਲ ਸਾਹਿਬ : ਖਿੱਤੇ ਦੇ ਹਿਸਾਬ ਨਾਲ ਆਪ ਕਿਸਾਨ ਸੀ। 1999 ਈ'ਚ ਅਹਮਦੀਅਤ ਕਬੂਲ ਕੀਤੀ। ਬੈਅਤ ਦੇ ਸਮੇਂ ਤੋਂ ਆਸਥਾ ਤੇ ਸ਼ਰਧਾ'ਚ ਤਰੱਕੀ ਕਰਦੇ ਚਲੇ ਗਏ। ਨਮਾਜ਼ਾਂ'ਚ ਪੱਕੇ ਅਤੇ ਤਹਜੁਦ ਦੇ ਪਾਬੰਦ ਸਨ। ਜਮਾਅਤ ਲਈ ਜਾਨ ਮਾਲ ਅਤੇ ਸਮੇਂ ਦੀ ਕੁਰਬਾਨੀ ਉਨ੍ਹਾਂ ਦੀ ਗੈਰ ਮਾਮੂਲੀ ਹੈ।

ਹਸੀਨੀ ਆਗ ਮਾਇਲ ਸਾਹਿਬ : 1999'ਚ ਬੈਅਤ ਕੀਤੀ ਸੀ। ਆਪਣੇ ਪਿੰਡ ਦੇ ਆਰੰਭਿਕ ਅਹਮਦੀਆ'ਚੋਂ ਸਨ ਇਸ ਸਮੇਂ ਜ਼ਈਮ ਅਨਸਾਰ ਉੱਲਾਹ ਵੱਜੋਂ ਸੇਵਾ ਕਰ ਰਹੇ ਸਨ। ਉਨ੍ਹਾ ਦੇ ਜੁੜ੍ਹਵਾਂ ਭਰਾ ਅਲ-ਹਸਨ ਆਗ ਮਾਨਾਇਲ ਸਾਹਿਬ ਵੀ ਇਸ ਘਟਨਾ'ਚ ਸ਼ਹੀਦ ਹੋਏ ਸਨ। ਦੋਵੇਂ ਭਰਾ ਇੱਕੋ ਦਿਨ ਸੰਸਾਰ'ਚ ਆਏ ਅਤੇ ਇੱਕੋ ਦਿਨ ਸੰਸਾਰ'ਚੋਂ ਚਲੇ ਗਏ।

ਹਮੀਦੋ ਆਗ ਅਬਦੁਰੱਹਮਾਨ ਸਾਹਿਬ : ਖਿੱਤੇ ਦੇ ਹਿਸਾਬ ਨਾਲ ਕਿਸਾਨ ਸਨ। 1999 ਈ'ਚ ਬੈਅਤ ਕੀਤੀ ਸੀ ਦਿਲ੍ਹ ਦੇ ਸਾਫ਼ ਅਤੇ ਨਰਮ ਦਿਲ੍ਹ ਸਨ। ਜਮਾਅਤੀ ਕੰਮਾਂ'ਚ ਅੱਗੇ ਰਹਿੰਦੇ ਸਨ। ਇਮਾਮ ਸਾਹਿਬ ਦੇ ਸਹਿਯੋਗੀ ਸਨ।

ਸੁਲਹ ਆਗ ਇਬਰਾਹੀਮ ਸਾਹਿਬ : ਖਿੱਤੇ ਦੇ ਹਿਸਾਬ ਨਾਲ ਕਿਸਾਨ ਸਨ। ਨਮਾਜ਼ ਸਮੇਂ ਸਿਰ ਅਦਾ ਕਰਨ ਦੇ ਪਾਬੰਦ ਸਨ ਅਤੇ ਚੰਦਾ ਵੀ ਸਮੇਂ ਸਿਰ ਅਦਾ ਕਰਦੇ ਸਨ। ਵਿਧਵਾਨ ਸਨ ਅਤੇ ਧਾਰਮਿਕ ਤੇ ਤਰਕ ਸੰਗਤ ਗੱਲ੍ਹਾਂ ਕਰਦੇ ਸਨ। ਬਹੁਤ ਸ਼ਰੀਫ਼ ਸਨ। ਹਰ ਇਕੱ ਨਾਲ ਸੁਹਿਰਦਤਾ ਵਿਖਾਉਂਦੇ।

ਉਸਮਾਨ ਆਗ ਸੋਦੇ ਸਾਹਿਬ : ਮਹਦੀ ਆਬਾਦ ਦੀ ਮਸਜਿਦ ਦੀ ਉਸਾਰੀ'ਚ ਵੱਧ ਚੜ੍ਹ ਕੇ ਭਾਗ ਲਿਆ। ਨਮਾਜ਼ਾਂ ਦੇ ਪਾਬੰਦ ਸਨ ਅਤੇ ਤਹਜੁਦ ਵੀ ਪੜ੍ਹਦੇ ਸਨ। ਖਿੱਤੇ ਦੇ ਹਿਸਾਬ ਨਾਲ ਵਿਉਪਾਰੀ ਸਨ। ਬਹੁਤ ਸ਼ਰਧਾਵਾਨ ਸਨ। ਮੈਨੂੰ ਵੀ ਦੁਆ ਦੇ ਪੱਤਰ ਲਿਖੱਦੇ ਰਹਿੰਦੇ ਸਨ।

ਆਗਾਲੀ ਆਗ ਮਾਗੋਇਲ ਸਾਹਿਬ : ਆਪਣੇ ਪਿਤਾ ਨਾਲ 1999 ਈ'ਚ ਅਹਮਦੀਅਤ ਕਬੂਲ ਕੀਤੀ। ਖ਼ਿੱਤੇ ਦੇ ਹਿਸਾਬ ਨਾਲ ਕਿਸਾਨ ਸਨ। ਬਹੁਤ ਸ਼ਰਧਾਵਾਨ ਸਨ। ਨਮਾਜ਼ਾਂ ਅਤੇ ਚੰਦੇ'ਚ ਵੱਧ ਚੜ੍ਹ ਕੇ ਭਾਗ ਲੈਂਦੇ ਸਨ।

ਮੂਸਾ ਆਗ ਅਦਰਾਹੀ ਸਾਹਿਬ : ਖੇਤੀ ਦਾ ਕੰਮ ਕਰਦੇ ਸਨ। ਤਹਜੁਦ ਅਤੇ ਨਮਾਜ਼ਾਂ ਦੇ ਪਾਬੰਦ ਸਨ ਅਤੇ ਨਾਮ ਸਿਮਰਨ'ਚ ਵਿਅਸਥ ਰਹਿੰਦੇ ਸਨ। ਇਹ ਇੱਕ ਸ਼ਰਧਾਵਾਨ ਅਤੇ ਵਫ਼ਾਦਾਰ ਅਹਮਦੀ ਹੋਣ ਦਾ ਨਮੂਨਾ ਸਨ। ਮੈਨੂੰ ਦੂਆ ਲਈ ਲਿਖਦੇ ਰਹਿੰਦੇ ਸਨ।

ਆਗੁਮਾ ਆਗ ਅਬਦੁਰੱਹਮਾਨ ਸਾਹਿਬ : ਸ਼ਹੀਦਾਂ'ਚ ਸਭ ਤੋਂ ਛੋਟੇ ਸਨ। 1999 ਈ'ਚ ਵੀਹ ਸਾਲ ਦੀ ਉਮਰ'ਚ ਅਹਮਦੀਅਤ ਕਬੂਲ ਕੀਤੀ ਅਤੇ ਫ਼ਿਰ ਜਮਾਅਤ ਨਾਲ ਆਸਥਾ ਤੇ ਵਫ਼ਾ'ਚ ਤਰੱਕੀ ਕੀਤੀ। ਬਹੁਤ ਸ਼ਰਧਾਵਾਨ ਅਤੇ ਕੁਰਬਾਨੀ ਕਰਨ ਵਾਲੇ ਅਹਮਦੀ ਸਨ। ਆਤੰਕਵਾਦੀਆਂ ਨੂੰ ਬਿਨ੍ਹਾਂ ਕਿਸੇ ਡਰ ਦੇ ਦੱਸਿਆ ਕਿ ਮੈਂ ਉਪ ਇਮਾਮ ਹਾਂ। ਜਦੋਂ ਅੱਠ ਬੰਦੀਆਂ ਨੂੰ ਸ਼ਹੀਦ ਕਰ'ਤਾ ਗਿਆ ਤਾਂ ਸਭ ਤੋਂ ਛੋਟੇ ਸਨ। ਪਰ ਵੱਡੀ ਬਹਾਦਰੀ ਨਾਲ ਜਵਾਬ ਦਿੱਤਾ ਕਿ ਜਿਸ ਰਾਹ'ਤੇ ਬਜ਼ੁਰਗਾਂ ਨੇ ਕੁਰਬਾਨੀ ਦਿੱਤੀ ਹੈ। ਮੈਂ ਵੀ ਕੁਰਬਾਨ ਹੋਣ ਲਈ ਤਿਆਰ ਹਾਂ। ਆਤੰਕਵਾਦੀਆਂ ਨੇ ਉਨ੍ਹਾਂ ਨੂੰ ਮੂੰਹ'ਤੇ ਗੋਲੀਆਂ ਮਾਰ ਕੇ ਸ਼ਹੀਦ ਕਰ'ਤਾ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹਰ ਇੱਕ ਦੇ ਨਾਂ ਨਾਲ ਆਗ ਦਾ ਸ਼ਬਦ ਆਇਆ ਹੈ ਅਤੇ ਇਸ ਸ਼ਬਦ ਦਾ ਅਰਥ "ਪੁੱਤਰ" ਦੇ ਹਨ। ਸੋ ਇਹ ਅਹਮਦੀਅਤ ਦੇ ਚਮਕਦੇ ਸਿਤਾਰੇ ਹਨ। ਆਪਣੇ ਪਿੱਛੇ ਇੱਕ ਨਮੂਨਾ ਛੱਡ ਗਏ। ਰੱਬ ਉਨ੍ਹਾਂ ਦੇ ਬੱਚਿਆ ਨੂੰ ਵੀ ਵਿਸ਼ਵਾਸ ਅਤੇ ਯਕੀਨ'ਚ ਵਧਾਏ। ਰੱਬ ਪਿੱਛੇ ਰਹਿਣ ਵਾਲੀਆ ਨੂੰ ਸਬਰ ਤੇ ਸੰਤੋਖ ਬਖ਼ਸ਼ੇ ਅਤੇ ਉਨ੍ਹਾ ਦੇ ਬਜ਼ੁਰਗਾ ਨੇ ਜਿਸ ਉਦੇਸ਼ ਲਈ ਆਪਣੀ ਜਾਨ ਦਿੱਤੀ। ਉਸ ਨੂੰ ਸਮਝਣ ਦੀ ਤੌਫ਼ੀਕ ਪਾਉਣ ਵਾਲੇ ਹੋਣ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਸ਼ਹੀਦਾਂ ਦੇ ਖ਼ਾਨਦਾਨਾਂ ਦੀ ਲੋੜ੍ਹਾਂ ਪੂਰੀਆਂ ਕਰਨ ਲਈ ਅਤੇ ਉਨ੍ਹਾਂ ਨੂੰ ਆਪਣੇ ਪੈਰਾ'ਤੇ ਖੜ੍ਹਾ ਕਰਨ ਲਈ ਖ਼ਿਲਾਫ਼ਤੇ ਰਾਬੇ ਦੇ ਜ਼ਮਾਨੇ'ਚ ਸੱਯਦਨਾ ਬਿਲਾਲ ਫ਼ੰਡ ਕਾਯਮ ਕੀਤਾ ਗਿਆ ਸੀ। ਜਿਸ'ਚੋਂ ਸ਼ਹੀਦਾਂ ਲਈ ਖਰਚ ਕੀਤਾ ਜਾਂਦਾ ਹੈ। ਜੋ ਸ਼ਹੀਦਾਂ ਲਈ ਦੇਣਾ ਚਾਹੁਣ। ਉਹ ਇਸੇ ਫ਼ੰਡ'ਚ ਦੇਣ ਅਤੇ ਇਹ ਉਨ੍ਹਾਂ ਸ਼ਹੀਦਾਂ'ਤੇ ਕੋਈ ਇਹਸਾਨ ਨਹੀਂ। ਸਗੋਂ ਸਾਡਾ ਫ਼ਰਜ਼ ਹੈ ਕਿ ਉਨ੍ਹਾਂ ਦੀ ਲੋੜ੍ਹਾਂ ਦਾ ਖਿਆਲ ਰੱਖਣ ਅਤੇ ਉਨ੍ਹਾਂ ਨੂੰ ਪੂਰਾ ਕਰਨ।

ਹਜ਼ੂਰੇ ਅਨਵਰ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇੱਕ ਹਵਾਲੇ ਸੰਬੰਧੀ ਫ਼ਰਮਾਇਆ ਕਿ ਇਹ ਕੁਰਬਾਨੀ ਕਰਨ ਵਾਲੇ ਇਸ ਇਮਤਹਾਨ'ਚ ਪੂਰੇ ਉਤਰੇ। ਹੁਣ ਪਿੱਛੇ ਰਹਿਣ ਵਾਲੀਆਂ ਦਾ ਇਮਤਹਾਨ ਹੈ। ਰੱਬ ਸਾਨੂੰ ਸਭ ਨੂੰ ਤੌਫ਼ੀਕ ਬਖ਼ਸ਼ੇ ਕਿ ਵਿਸ਼ਵਾਸ ਤੇ ਯਕੀਨ'ਤੇ ਕਾਯਮ ਰਹਿਣ। ਰੱਬ ਇਨ੍ਹਾਂ ਸ਼ਹੀਦਾਂ ਦੇ ਸਥਾਨ ਨੂੰ ਵਧਾਏ, ਫ਼ਲ੍ਹ ਫ਼ੁੱਲ੍ਹ ਲਾਏ। ਜਿਸ ਦੇ ਸਿਟੇ ਵੱਜੋਂ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੀ ਸਿਖਿੱਆ ਨੂੰ ਸੰਸਾਰ'ਚ ਫ਼ੈਲਦਾ ਵੇਖਣ।

ਹਜ਼ੂਰੇ ਅਨਵਰ ਨੇ ਅੰਤ'ਚ ਸ਼ਹੀਦਾਂ ਦੀ ਨਮਾਜ਼ੇ ਜਨਾਜ਼ਾ ਨਾਲ ਸ਼੍ਰੀਮਾਨ ਡਾਕਟਰ ਕਰੀਮ ਉੱਲਾਹ ਜ਼ੈਰਵੀ ਸਾਹਿਬ ਅਤੇ ਉਨ੍ਹਾਂ ਦੀ ਪਤਨੀ ਸ਼੍ਰੀਮਤੀ ਅਮਤੁਲੱ ਲਤੀਫ਼ ਜ਼ੈਰਵੀ ਸਾਹਿਬਾ ਆਫ਼ ਅਮਰੀਕਾ ਦੀ ਵੀ ਨਮਾਜ਼ੇ ਜਨਾਜ਼ਾ ਗਾਇਬ ਪੜ੍ਹਾਉਣ ਦਾ ਐਲਾਨ ਕੀਤਾ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔